Public Safety Canada
Sécurité publique Canada



# ਅਪਰਾਧ ਦੇ ਪੀੜਤ

## ਸੂਚਿਤ ਰਹਿਣਾ

ਨੈਸ਼ਨਲ ਆਫਿਸ ਫ਼ਾਰ ਵਿਕਟਿਮਜ਼
National Office for Victims
1-866-525-0554| publicsafety.gc.ca/nov

Canada

The information in this booklet is presented in Punjabi. This publication is also available in other languages through the National Office for Victims at 1-866-525-0554 or email ps.nationalofficeforvictims-bureaunationalpourlesvictimes.sp@canada.ca.

Les renseignements contenus dans le présent livret sont présentés en punjabi. Il est également possible d'obtenir la publications dans une autre langue auprès du Bureau national pour les victimes d'actes criminels au 1-866-525-0554 ou par courriel à ps.nationalofficeforvictims-bureaunationalpourlesvictimes.sp@canada.ca.

© Her Majesty the Queen in Right of Canada, 2016

Cat. No.: PS4-69/2016Pu-PDF
ISBN: 978-0-660-04219-0

# ਅਪਰਾਧ ਦੇ ਪੀੜਤ - ਸੂਚਿਤ ਰਹਿਣਾ

ਕੈਨੇਡੀਅਨ ਕਨੂੰਨ ਆਧੀਨ, ਫ਼ੈਡਰਲ ਅਪਰਾਧੀਆਂ (ਜਿਨ੍ਹਾਂ ਨੂੰ ਦੋ ਜਾਂ ਵੱਧ ਸਾਲ ਲਈ ਕੈਦ ਦੀ ਸਜ਼ਾ ਹੋਈ ਹੋਵੇ ਜਾਂ ਜਿਹੜੇ ਕੁਰੈਕਸ਼ਨਲ ਸਰਵਸਿਜ਼ ਆਫ਼ ਕੈਨੇਡਾ [Correctional Service of Canada (CSC) / Service Correctionnel du Canada (SCC)] ਜਾਂ ਪੈਰੋਲ ਬੋਰਡ ਆਫ਼ ਕੈਨੇਡਾ [Parole Board of Canada (PBC)/ Commission des libérations conditionnelles du Canada (CLCC)] ਦੇ ਅਧਿਕਾਰ ਖੇਤਰ ਅੰਦਰ ਆਉਂਦੇ ਹੋਣ, ਦੇ ਪੀੜਤਾਂ ਨੂੰ ਅਜਿਹੇ ਵਿਅਕਤੀਆਂ, ਜਿੰਨ੍ਹਾਂ ਨੇ ਉਨ੍ਹਾਂ ਨੂੰ ਹਾਨੀ ਪਹੁੰਚਾਈ ਹੋਵੇ, ਉਨ੍ਹਾਂ ਬਾਰੇ ਕੁਝ ਜਾਣਕਾਰੀ ਹਾਸਲ ਕਰਨ ਦਾ ਹੱਕ ਹੁੰਦਾ ਹੈ। ਇਹ ਜਾਣਕਾਰੀ ਆਪਣੇ ਆਪ ਮੁਹੱਈਆ ਨਹੀਂ ਕੀਤੀ ਜਾਂਦੀ – ਇੱਕ ਪਰਕਿਰਿਆ, ਜਿਸ ਨੂੰ ਆਮ ਤੌਰ ਤੇ ਰਜਿਸਟਰਿੰਗ ਕਿਹਾ ਜਾਂਦਾ ਹੈ। ਜ਼ਰੂਰੀ ਹੈ ਕਿ ਉਸ ਪਰਕਿਰਿਆ ਦੁਆਰਾ ਸੀ ਐਸ ਸੀ (CSC/SCC) ਜਾਂ ਪੀ ਬੀ ਸੀ (PBC/CLCC) ਨੂੰ ਲਿਖਤੀ ਰੂਪ ਵਿੱਚ ਬੇਣਤੀ ਕੀਤੀ ਜਾਵੇ।

ਹੁਣੇ ਹੁਣੇ ਪਾਸ ਕੀਤੇ ਗਏ *ਕੈਨੇਡੀਅਨ ਵਿਕਟਿਮਜ਼ ਬਿੱਲ ਆਫ ਰਾਈਟਸ* [*Canadian Victim Bill of Rights* (CVBR) / *Charte canadienne des droits des victimes* (CCDV)] ਅਨੁਸਾਰ ਰਜਿੱਸਟਰਸ਼ੁਦਾ ਅਪਰਾਧ ਦੇ ਪੀੜਤਾਂ ਦੇ ਹੱਕਾਂ ਮੁਤਾਬਕ ਮਿਲਣ ਵਾਲੀ ਜਾਣਕਾਰੀ ਦੀ ਮਾਤਰਾ ਤੇ ਕਿਸਮ ਵਿੱਚ ਵਾਧਾ ਕਰ ਦਿੱਤਾ ਗਿਆ ਹੈ। ਇਹ ਕਿਤਾਬਚਾ ਪੀੜਤਾਂ ਨੂੰ ਅਜਿਹੀ ਜਾਣਕਾਰੀ ਮੁਹੱਈਆ ਕਰਦਾ ਹੈ ਕਿ ਉਨ੍ਹਾਂ ਨੂੰ, ਸੀ ਵੀ ਬੀ ਆਰ (CVBR/CCDV) ਅਧੀਨ ਪ੍ਰਾਪਤ ਨਵੇਂ ਅਧਿਕਾਰਾਂ, ਸੀ ਐਸ ਸੀ (PBC/CLCC) ਅਤੇ

ਪੀ ਬੀ ਸੀ (PBC/CLCC) ਵੱਲੋਂ ਫ਼ੈਸਲਾ ਕਰਨ ਦੀ ਪਰਕਿਰਿਆ ਵਿੱਚ ਉਨ੍ਹਾਂ ਦੇ ਰੋਲ ਅਤੇ ਫ਼ੈਡਰਲ ਪੱਧਰ 'ਤੇ ਪੇਸ਼ ਕੀਤੀਆਂ ਜਾਂਦੀਆਂ ਸੇਵਾਵਾਂ ਸਮੇਤ, ਬਾਰੇ ਜਾਣਕਾਰੀ ਹਾਸਲ ਕਰਨ ਦਾ ਹੱਕ ਦਿੰਦਾ ਹੈ।

# ਕੀ ਤੁਸੀਂ ਜਾਣਕਾਰੀ ਹਾਸਲ ਕਰਨ ਦੇ ਹੱਕਦਾਰ ਹੋ?

ਤੁਹਾਨੂੰ ਫ਼ੈਡਰਲ ਅਪਰਾਧੀ ਬਾਰੇ ਜਾਣਕਾਰੀ ਹਾਸਲ ਕਰਨ ਦਾ ਹੱਕ ਹਾਸਲ ਹੈ, ਜੇ:

- ਕਿਸੇ ਵਿਅਕਤੀ ਵੱਲੋਂ ਫ਼ੌਜਦਾਰੀ ਅਪਰਾਧ ਦੇ ਨਤੀਜੇ ਵਜੋਂ ਤੁਹਾਨੂੰ ਸਰੀਰਕ ਜਾਂ ਭਾਵਅਤਮਕ ਹਾਨੀ ਹੋਈ ਹੋਵੇ, ਤੁਹਾਡੀ ਜਾਇਦਾਦ ਨੂੰ ਨੁਕਸਾਨ ਪਹੁੰਚਿਆ ਹੋਵੇ ਜਾਂ ਮਾਇਕ ਨੁਕਸਾਨ ਹੋਇਆ ਹੋਵੇ ਭਾਵੇਂ ਜਿਸ ਵਿਅਕਤੀ ਨੇ ਤੁਹਾਨੂੰ ਨੁਕਸਾਨ ਪਹੁੰਚਾਇਆ ਹੋਵੇ ਅਤੇ ਉਸ ਵਿਅਕਤੀ 'ਤੇ ਮੁਕੱਮਦਮਾ ਨਾ ਚਲਾਇਆ ਗਿਆ ਹੋਵੇ ਜਾਂ ਉਹ ਅਪਰਾਧੀ ਸਿੱਧ ਨਾ ਹੋਵੇ ਪਰ ਤੁਸਾਂ ਉਸ ਵਿਰੁੱਧ ਪੁਲੀਸ ਕੋਲ ਜਾਂ ਕਰਾਊਨ ਅਟਾਰਨੀ ਕੋਲ ਸ਼ਕਾਇਤ ਕੀਤੀ ਹਵੇ; ਜਾਂ
- ਤੁਸੀਂ ਪੀੜਤ ਦੇ ਪਤੀ ਜਾਂ ਪਤਨੀ, ਕਾਮਨ ਲਆ ਸਾਥੀ ਜਾਂ ਉਸ 'ਤੇ ਨਿਰਭਰ ਜਾਂ ਪੀੜਤ ਦੀ ਸੰਭਾਲ ਜਾਂ ਸਹਾਇਤਾ ਕਰਦੇ ਹੋਵੋ ਕਨੂਨ ਜਾਂ ਰੱਖਿਆ ਕਾਰਨ ਜਸ ਹਾਲਤ ਵਿੱਚ ਪੀੜਤ ਆਪਣੇ ਆਪ ਕੁਝ ਨਾ ਕਰ ਸਕਦਾ ਹੋਵੇ (ਭਾਵ ਪੀੜਤ ਬਿਮਾਰ ਹੈ, ਅਸਮਰਥ ਹੈ ਜਾਂ ਬੱਚਾ ਹੈ); ਜਾਂ
- ਜਦੋਂ ਪੀੜਤ ਮਿਰਤਕ ਹੋਵੇ ਜਾਂ ਹੋਰਵੇਂ ਆਪਣੇ ਆਪ ਆਪਣੇ ਖ਼ੁਦ ਕੁਝ ਨਾ ਕਰ ਸਕਦਾ/ਸਕਦੀ ਹੋਵੇ ਤਾਂ ਪੀੜਤ ਦੇ

ਨਿਰਭਰ ਵਿਅਕਤੀ/ਵਿਅਕਤੀਆਂ ਦੀ ਸੰਭਾਲ ਤੇ ਸਹਾਇਤਾ ਲਈ ਜ਼ੁੰਮੇਵਾਰੀ ਤੁਹਾਡੀ ਹੋਵੇਗੀ।

# ਤੁਸੀਂ ਜਾਣਕਾਰੀ ਕਿਵੇਂ ਹਾਸਲ ਕਰ ਸਕਦੇ ਹੋ?

ਅਪਰਾਧੀ ਬਾਰੇ ਜਾਣਕਾਰੀ ਆਪਣੇ ਆਪ ਨਹੀਂ ਮੁਹੱਈਆ ਕੀਤੀ ਜਾਂਦੀ। ਤੁਹਾਡੇ ਵੱਲੋਂ ਜਾਂ ਤੁਹਾਡੇ ਵੱਲੋਂ ਲਿਖਤੀ ਤੌਰ ਤੇ ਤੁਹਾਡੀ ਤਰਫ਼ੋਂ ਕੰਮ ਕਰਨ ਲਈ ਅਧਿਕਾਰਤ ਵਿਅਕਤੀ ਵੱਲੋਂ ਜਾਣਕਾਰੀ ਹਾਸਲ ਕਰਨ ਲਈ ਬੇਣਤੀ ਜ਼ਰੂਰੀ ਤੌਰ ਤੇ ਭੇਜੀ ਜਾਣੀ ਚਾਹੀਦੀ ਹੈ ਜਿਸ ਨੂੰ ਆਮ ਤੌਰ ਤੇ “ਰਜਿਸਟਰਿੰਗ” ਕਿਹਾ ਜਾਂਦਾ ਹੈ। ਜੇ ਅਪਰਾਧੀ ਦੋ ਜਾਂ ਦੋ ਤੋਂ ਵੱਧ ਸਾਲ ਦੀ ਸਜ਼ਾ ਭੁਗਤ ਰਿਹਾ ਹੋਵੇ ਤਾਂ ਅਜਿਹਾ ਵਿਅਕਤੀ ਜਾਣਕਾਰੀ ਹਾਸਲ ਕਰਨ ਲਈ ਸੀ ਐਸ ਸੀ (CSC/SCC) ਜਾਂ ਪੀ ਬੀ ਸੀ (PBC/CLCC) ਨੂੰ ਬੇਣਤੀ ਕਰ ਸਕਦਾ ਹੈ। ਜਦੋਂ ਤੁਸੀਂ ਇੱਕ ਜਾਂ ਦੂਜੀ ਸੰਸਥਾ ਨਾਲ ਨਾਂ ਦਰਜ ਕਰਵਾ ਲੈਂਦੇ ਹੋ ਤਾਂ ਤੁਸੀਂ ਦੋਹਾਂ ਤੋਂ ਜਾਣਕਾਰੀ ਹਾਸਲ ਕਰਨ ਦੇ ਹੱਕਦਾਰ ਬਣ ਜਾਂਦੇ ਹੋ।

ਜੇ ਅਪਰਾਧੀ ਪਰਾਂਤਕ ਅਧਿਕਾਰ ਖੇਤਰ ਅਧੀਨ ਹੋਵੇ (ਭਾਵ ਅਪਰਾਧੀ ਦੋ ਸਾਲ ਜਾਂ ਘੱਟ ਸਾਲਾਂ ਲਈ ਸਜ਼ਾ ਭੁਗਤ ਰਿਹਾ ਹੋਵੇ) ਉਸ ਸੂਰਤ ਵਿੱਚ ਜਾਣਕਾਰੀ ਹਾਸਲ ਕਰਨ ਵਾਸਤੇ ਤੁਸੀਂ ਜਾਂ ਤੇ ਪਰੋਵਿੰਸ਼ਲ ਵਿਕਟਿਮ ਸਰਵਿਸ ਦਫ਼ਤਰ ਨਾਲ ਜਾਂ ਪੀ ਬੀ ਸੀ (PBC/CLCC) ਨਾਲ ਸੰਪਰਕ ਕਰ ਸਕਦੇ ਹੋ। ਆਂਟੇਰੀਓ ਅਤੇ ਕਿਊਬੈਕ ਅੰਦਰ ਤੁਹਾਨੂੰ ਇਨ੍ਹਾਂ ਪਰਾਂਤਾਂ ਦੇ ਪੈਰੋਲ ਬੋਰਡਾਂ ਨਾਲ ਸੰਪਰਕ ਕਰਨਾ ਪਵੇਗਾ।

# ਤੁਸੀਂ ਆਪਣਾ ਨਾਂ ਕਿਵੇਂ ਦਰਜ ਕਰਵਾ ਸਕਦੇ ਹੋ?

ਫ਼ੈਡਰਲ ਵਿਕਟਿਮ ਨੋਟੀਫ਼ੀਕੇਸ਼ਨ ਸਰਵਿਸ ਅਤੇ ਵਧੇਰੇ ਆਮ ਜਾਣਕਾਰੀ ਹਾਸਲ ਕਰਨ ਲਈ ਨਾਂ ਕਿਵੇਂ ਦਰਜ ਕਰਵਾਉਣਾ ਹੈ ਬਾਰੇ ਪਤਾ ਕਰਨ ਲਈ ਕ੍ਰਿਪਾ ਕਰਕੇ ਹੇਠ ਦਰਜ ਨੂੰ ਫ਼ੋਨ ਕਰੋ:

ਨੈਸ਼ਨਲ ਆਫਿਸ ਫ਼ਾਰ ਵਿਕਟਿਮਜ਼ (National Office for Victims/ Bureau national pour les victimes d'actes criminels)
**1-866-525-0554** (ਟੋਲ ਫ਼੍ਰੀ)
**publicsafety.gc.ca/nov**

ਕੁਰੈਕਸ਼ਨਲ ਸਰਵਸਿਜ਼ ਆਫ਼ ਕੈਨੇਡਾ (Correctional Service of Canada/Service Correctionnel du Canada)
**1-866-806-2275** (ਟੋਲ ਫ਼੍ਰੀ)
**csc-scc.gc.ca/victims-victimes**

ਪੈਰੋਲ ਬੋਰਡ ਆਫ਼ ਕੈਨੇਡਾ (Parole Board of Canada/ Commission des libérations conditionnelles du Canada)
**1-866-789-4636** (ਟੋਲ ਫ਼੍ਰੀ)
**canada.ca/en/parole-board/index.html**

ਸੀ ਐਸ ਸੀ (CSC/SCC) ਜਾਂ ਪੀ ਬੀ ਸੀ (PBC/CLCC) ਵੱਲੋਂ ਸਮੇਂ ਸਿਰ ਲਗਾਤਾਰ ਸੂਚਣਾ ਹਾਸਲ ਕਰਦੇ ਰਿਹਣ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਜਦੋਂ ਤੁਹਾਡੇ ਨਾਲ ਸੰਪਰਕ ਕਰਨ ਦੀ ਜਾਣਕਾਰੀ ਬਦਲ ਜਾਂਦੀ ਹੈ ਤਾਂ ਤੁਸੀਂ ਇਨ੍ਹਾਂ ਏਜੰਸੀਆਂ ਨੂੰ ਸੂਚਿਤ ਕਰ ਦਿਉ।

ਪਰੋਵਿੰਸ਼ਲ ਵਿਕਟਿਮ ਨੋਟੀਫ਼ੀਕੇਸ਼ਨ ਸਰਵਿਸਿਜ਼ ਨਾਲ ਨਾਂ ਕਿਵੇਂ ਦਰਜ ਕਰਵਾਉਣਾ ਹੈ ਬਾਰੇ ਪਤਾ ਕਰਨ ਲਈ ਤੁਸੀਂ ਆਪਣੇ ਰੀਜਨਲ ਵਿਕਟਿਮ ਸਰਵਿਸਿਜ਼, ਪੀ ਬੀ ਸੀ (PBC/CLCC) ਜਾਂ ਆਂਟੇਰੀਓ ਪਰਾਂਤ ਅੰਦਰ ਆਂਟੇਰੀਓ ਪੈਰੋਲ ਬੋਰਡ ਨਾਲ **1-888-579-2888** 'ਤੇ ਜਾਂ ਕਿਊਬੈਕ ਪਰਾਂਤ ਅੰਦਰ ਕਿਊਬੈਕ ਪੈਰੋਲ ਬੋਰਡ ਨਾਲ **1-866-909-8913** 'ਤੇ ਸੰਪਰਕ ਕਰ ਸਕਦੇ ਹੋ। ਆਪਣੇ ਇਲਾਕੇ ਅੰਦਰ ਪਰਾਂਤਕ ਜਾਂ ਰੀਜਨਲ ਵਿਕਟਿਮ ਸਰਵਿਸਿਜ਼ ਬਾਰੇ ਸੰਪਰਕ ਵਾਸਤੇ ਜਾਣਕਾਰੀ ਲੈਣੀ ਹੋਵੇ ਤਾਂ ਕੈਨੇਡਾ ਦੇ ਡਿਪਾਰਟਮੈਂਟ ਆਫ਼ ਜਸਟਿਸ ਵਿਖੇ ਪਾਲਸੀ ਸੈਂਟਰ ਫ਼ਾਰ ਵਿਕਟਿਮ ਇਸ਼ੂਜ਼ (Policy Centre for Victims Issues/Centre de la politique concernant les victimes) ਵੱਲੋਂ ਚਲਾਈ ਜਾਂਦੀ ਨੈਸ਼ਨਲ ਔਨ ਲਾਈਨ ਵਿਕਟਿਮ ਸਰਵਿਸਿਜ਼ ਡਾਇਰੈਕਟਰੀ ਦੀ ਖੋਜ ਕਰ ਸਕਦੇ ਹੋ। ਤੁਸੀਂ ਵੀ ਐਸ ਡੀ [Victim Service Directory (VSD)/Répertoire national en ligne des services aux victimes (RSV)] ਤੀਕ **justice.gc.ca/eng/cj-jp/victims-victimes/vsd-rsv/index.html** ਰਾਹੀਂ ਪਹੁੰਚ ਕਰ ਸਕਦੇ ਹੋ।

# ਤੁਸੀਂ ਕਿਹੜੀ ਜਾਣਕਾਰੀ ਹਾਸਲ ਕਰਨ ਦੇ ਹੱਕਦਾਰ ਹੋ?

ਸੀ ਐਸ ਸੀ (CSC/SCC) ਜਾਂ ਪੀ ਬੀ ਸੀ (PBC/CLCC) ਨਾਲ ਨਾਂ ਦਰਜ ਕਰਵਾਉਣ ਨਾਲ ਤੁਹਾਨੂੰ ਹੇਠ ਦਰਜ ਜਾਣਕਾਰੀ ਮੁਹੱਈਆ ਕੀਤੀ ਜਾਵੇਗੀ:

- ਅਪਰਾਧੀ ਦਾ ਨਾਂ;
- ਅਪਰਾਧ, ਜਿਸ ਕਾਰਨ ਉਹ ਅਪਰਾਧੀ ਸਿੱਧ ਹੋਇਆ ਅਤੇ ਅਦਾਲਤ ਜਿਸ ਨੇ ਉਸ ਨੂੰ ਅਪਰਾਧੀ ਸਿੱਧ ਕੀਤਾ;
- ਸਜ਼ਾ ਕਦੋਂ ਸ਼ੁਰੂ ਹੋਈ ਅਤੇ ਸ਼ਜਾ ਦੀ ਮਿਆਦ; ਅਤੇ
- ਅਪਰਾਧੀ 'ਤੇ ਲਾਗੂ ਹੁੰਦੀਆਂ ਆਰਜ਼ੀ ਗ਼ੈਰ-ਹਾਜ਼ਰੀਆਂ ਜਾਂ ਪੈਰੋਲ ਲਈ ਪਾਤਰਤਾ ਅਤੇ ਰਿਵਿਊ ਕਰਨ ਦੀਆਂ ਮਿਤੀਆਂ।

ਇਸ ਤੋਂ ਇਲਾਵਾ, ਜੇ ਸੀ ਐਸ ਸੀ (CSC/SCC) ਦਾ ਕਮਿਸ਼ਨਰ ਜਾਂ ਪੀ ਬੀ ਸੀ (PBC/CLCC) ਬੋਰਡ ਦਾ ਚੇਅਰਪਰਸਨ ਵਿਸ਼ਵਾਸ ਕਰਦਾ ਹੋਵੇ ਕਿ ਤੁਹਾਡੇ ਹਿੱਤ ਸਪੱਸ਼ਟ ਤੌਰ ਤੇ ਅਜਿਹੀ ਜਾਣਕਾਰੀ ਰਿਲੀਜ਼ ਹੋਣ ਨਾਲ ਅਪਰਾਧੀ ਦੀ ਗੁਪਤਤਾ ਦੇ ਭੰਗ ਹੋਣ ਨਾਲੋਂ ਵੱਧ ਮਹੱਤਵ ਰੱਖਦੇ ਹੋਣ ਤਾਂ ਰਜਿਟਸਟਰਸ਼ੁਦਾ ਪੀੜਤ ਹੋਣ ਵਜੋਂ ਤੁਹਾਨੂੰ ਹੇਠ ਦਰਜ ਜਾਣਕਾਰੀ ਵੀ ਮੁਹੱਈਆ ਕੀਤੀ **ਜਾ ਸਕਦੀ** ਹੈ:

- ਅਪਰਾਧੀ ਦੀ ਉਮਰ;
- ਜੇਲ੍ਹ, ਜਿਸ ਅੰਦਰ ਅਪਰਾਧੀ ਸਜ਼ਾ ਭੁਗਤ ਰਹਾ ਹੋਵੇ, ਦਾ ਨਾਂ ਅਤੇ ਜਗ੍ਹਾ ਦਾ ਨਾਂ ਜਿਥੇ ਇਹ ਸਥਿਤ ਹੈ;
- ਜੇ ਅਪਰਾਧੀ ਦੀ ਤਬਦੀਲੀ ਕੀਤੀ ਗਈ ਹੋਵੇ ਤਾਂ ਉਸ ਸੂਰਤ

ਵਿੱਚ, ਤਬਦੀਲੀ ਦੇ ਕਾਰਨਾਂ ਦਾ ਸੰਖੇਪ ਅਤੇ ਅਜਿਹੀ ਜੇਲ੍ਹ ਦਾ ਨਾਂ ਤੇ ਜਗ੍ਹਾ ਦਾ ਨਾਂ ਜਿੱਥੇ ਸਜ਼ਾ ਭੁਗਤ ਰਿਹਾ ਹੋਵੇ ,ਜੇ ਸੰਭਵ ਹੋਵੇ, ਤਾਂ ਜਦੋਂ ਵੀ ਘੱਟੋ ਘੱਟ ਸੁਰੱਖਿਆ ਵਾਲੀ ਸੰਸਥਾ ਵਿੱਚ ਤਬਦੀਲੀ ਕੀਤੀ ਜਾਂਦੀ ਹੈ ਬਾਰੇ ਅਗਾਊ ਸੂਚਣਾ ਸਮੇਤ;

- ਸਜ਼ਾ ਮੁਕੰਮਲ ਹੋਣ ਤੋਂ ਪਹਿਲਾਂ *ਇੰਮੀਗਰੇਸ਼ਨ ਐਂਡ ਰਿਫ਼ਿਊਜੀ ਪ੍ਰੋਟੈਕਸ਼ਨ (Immigration and Refugee Protection Act/ Loi sur l'immigration et la protection des réfugiés)* ਐਕਟ ਅਧੀਨ ਅਪਰਾਧੀ ਨੂੰ ਕੈਨੇਡਾ ਤੋਂ ਬਾਹਰ ਕੱਢ ਦੇਣ ਲਈ ਸੀ ਐਸ ਸੀ (CSC/SCC) ਵੱਲੋਂ ਅਧਿਸੂਚਣਾ;
- ਅਜਿਹੇ ਪ੍ਰੋਗਰਾਮ ਜਿੰਨ੍ਹਾਂ ਵਿੱਚ ਅਪਰਾਧੀ ਸ਼ਾਮਲ ਹੋ ਰਿਹਾ ਹੋਵੇ ਜਾਂ ਹੋ ਚੁਕਿਆ ਹੋਵੇ;
- ਅਨੁਸ਼ਾਸਨ ਸੰਬੰਧਤ ਗੰਭੀਰ ਅਪਰਾਧ ਜਿਹੜੇ ਅਪਰਾਧੀ ਨੇ ਕੀਤੇ ਹੋਣ;
- ਪੀ ਬੀ ਸੀ (PBC/CLCC) ਵੱਲੋਂ ਨਜ਼ਰਸਾਨੀ ਦੇ ਮੰਤਵਾਂ ਲਈ ਕਿਸੇ ਸੁਣਵਾਈ ਦੀ ਤਰੀਕ;
- ਕੀ ਅਪਰਾਧੀ ਹਿਰਾਸਤ ਵਿੱਚ ਹੈ ਅਤੇ, ਜੇ ਨਹੀਂ ਤਾਂ ਕਿਉਂ ਨਹੀਂ;
- ਕੀ ਅਪਰਾਧੀ ਨੇ ਪੀ ਬੀ ਸੀ (PBC/CLCC) ਦੇ ਫ਼ੈਸਲੇ ਵਿਰੁੱਧ ਅਪੀਲ ਕੀਤੀ ਹੈ ਜਾਂ ਨਹੀਂ, ਅਤੇ ਉਸ ਅਪੀਲ ਦਾ ਨਤੀਜਾ; ਅਤੇ;
- *ਕੁਰੈਕਸ਼ਨਜ਼ ਐਂਡ ਕਨਡੀਸ਼ਨਲ ਰਿਲੀਜ਼ ਐਕਟ* [*Corrections and Conditional Release Act* (CCRA)/ *Loi sur le système correctionnel et la mise en liberté sous condition* (LSCMLC)] ਦੀ ਧਾਰਾ 140 (1) ਅਧੀਨ ਸੁਣਵਾਈ ਦਾ ਅਧਿਕਾਰ ਤਿਆਗ ਦਿੱਤਾ ਹੋਵੇ, ਇਸ ਦਾ ਕਾਰਨ ਜੇ ਅਪਰਾਧੀ ਨੇ ਕੋਈ ਦਿੱਤਾ ਹੋਵੇ।

ਪੀ ਬੀ ਸੀ (PBC/CLCC)[1] ਦੇ ਚੇਅਰਪਰਸਨ ਜਾਂ ਸੀ ਐਸ ਸੀ (CSC/SCC)[2] ਦੇ ਕਮਿਸ਼ਨਰ ਵੱਲੋਂ ਹੇਠ ਦਰਜ ਜਾਣਕਾਰੀ ਵੀ ਤੁਹਾਨੂੰ ਦਿੱਤੀ ਜਾ **ਸਕਦੀ** ਹੈ:

- ਆਰਜ਼ੀ ਗ਼ੈਰ-ਹਾਜ਼ਰੀ ਲਈ, ਕੰਮ ਲਈ ਰਿਹਾਈ, ਪੈਰੋਲ ਜਾਂ ਕਨੂੰਨੀ ਰਿਹਾਈ ਲਈ ਅਪਰਾਧੀ ਨੂੰ ਦਿੱਤੀ ਜਾਣ ਵਾਲੀ ਰਿਹਾਈ ਦੀ ਮਿਤੀ, ਜੇ ਕੋਈ ਹੋਵੇ;
- ਅਪਰਾਧੀ ਦੀ ਨਿਗਰਾਨੀ-ਰਹਿਤ ਆਰਜ਼ੀ ਗ਼ੈਰ-ਹਾਜ਼ਰੀ, ਕੰਮ ਲਈ ਰਿਹਾਈ, ਪੈਰੋਲ ਜਾਂ ਕਨੂੰਨੀ ਰਿਹਾਈ 'ਤੇ ਲਾਈਆਂ ਗੱਈਆਂ ਕੋਈ ਵੀ ਸ਼ਰਤਾਂ ਅਤੇ ਆਰਜ਼ੀ ਗ਼ੈਰ-ਹਾਜ਼ਰੀ ਲਈ ਕਾਰਨ; ਅਤੇ
- ਆਰਜ਼ੀ ਗ਼ੈਰ-ਹਾਜ਼ਰੀ 'ਤੇ ਰਿਹਾਈ, ਕੰਮ ਲਈ ਰਿਹਾਈ, ਪੈਰੋਲ ਜਾਂ ਕਨੂੰਨੀ ਰਿਹਾਈ ਦੌਰਾਨ ਅਪਰਾਧੀ ਦਾ ਟਿਕਾਣਾ ਅਤੇ ਆਪਣੇ ਟਿਕਾਣੇ ਤੇ ਪਹੁੰਚਣ ਦੌਰਾਨ ਕੀ ਉਹ ਅਪਰਾਧੀ ਆਪਣੇ ਅਪਰਾਧ ਦੇ ਸ਼ਿਕਾਰ ਵਿਅਕਤੀ ਦੇ ਨਜ਼ਦੀਕ ਤਾਂ ਨਹੀਂ ਹੋਵੇਗਾ।

ਜਦੋਂ ਸੀ ਐਸ ਸੀ (CSC/SCC) ਵੱਲੋਂ ਇਹ ਜਾਣਕਾਰੀ ਮੁਹੱਈਆ ਕੀਤੀ ਜਾਂਦੀ ਹੈ ਤਾਂ, ਜੇ ਸੰਭਵ ਹੋਵੇ, ਤਾਂ ਇਹ ਅਪਰਾਧੀ ਦੀ ਰਿਹਾਈ ਦੇ 14 ਦਿਨ ਪਹਿਲਾਂ ਮੁਹੱਈਆ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਸੀ ਐਸ ਸੀ (CSC/SCC) ਦੇ ਕਮਿਸ਼ਨਰ ਲਈ ਜ਼ਰੂਰੀ ਹੈ ਕਿ ਜੇ ਇਸ

---

[1] ਜੇਕਰ ਪੀ ਬੀ ਸੀ (PBC/CLCC) ਦੇ ਚੇਅਰਪਰਸਨ (ਜਾਂ ਉਸ ਵੱਲੋਂ ਸੌਂਪੇ ਸਟਾਫ਼) ਇਹ ਫ਼ੈਸਲਾ ਕਰਦਾ ਹੈ ਕਿ ਇਸ ਇਜ਼ਹਾਰ ਦੇ ਨਤੀਜੇ ਵਜੋਂ ਅਪਰਾਧੀ ਦੀ ਗੁਪਤਤਾ ਨਾਲੋਂ ਪੀੜਤ ਦਾ ਹਿੱਤ ਵੱਧ ਮੱਹਤਤਾ ਰੱਖਦਾ ਹੈ।

[2] ਜੇਕਰ ਸੀ ਐਸ ਸੀ (CSC/SCC) ਦਾ ਕਮਿਸ਼ਨਰ (ਜਾਂ ਉਸ ਵੱਲੋਂ ਸੌਂਪੇ ਸਟਾਫ਼)ਇਹ ਨਿਰਣਾ ਕਰਦਾ ਹੈ ਕਿ ਇਸ ਜਾਣਕਾਰੀ ਦੇ ਇਜ਼ਹਾਰ ਨਾਲ ਜਨਤਕ ਸੁਰੱਖਿਆ ‘ਤੇ ਕੋਈ ਮੰਦਾ ਅਸਰ ਨਹੀਂ ਪਵੇਗਾ।

ਜਾਣਕਾਰੀ ਵਿੱਚ ਕੋਈ ਤਬਦੀਲੀ ਵਾਪਰਦੀ ਹੈ ਤਾਂ ਉਹ ਇਸ ਬਾਰੇ ਤੁਹਾਨੂੰ ਸੂਚਿਤ ਕਰੇ।

ਜੇ ਅਪਰਾਧੀ ਨੂੰ ਤਬਦੀਲ ਕਰਕੇ ਪਰਾਂਤਕ ਕੁਰੈਕਸ਼ਨਲ ਜੇਲ੍ਹ ਵਿੱਚ ਭੇਜਿਆ ਜਾਂਦਾ ਹੈ ਤਾਂ ਜਿਸ ਪਰਾਂਤ ਅੰਦਰ ਜੇਲ੍ਹ ਸਥਿਤ ਹੋਵੇ ਤੁਹਾਨੂੰ ਉਸ ਪਰਾਂਤ ਦਾ ਨਾਂ ਦੱਸਿਆ ਜਾ ਸਕਦਾ ਹੈ।

ਰਜਿਸਟਰਸ਼ੁਦਾ ਪੀੜਤ ਹੋਣ ਨਾਤੇ, ਤੁਸੀਂ ਅਪਰਾਧੀ ਬਾਰੇ ਜਾਣਕਾਰੀ ਲਈ ਆਪਣੀ ਦਰਖ਼ਾਸਤ ਕਿਸੇ ਵੀ ਸਮੇਂ ਵਾਪਸ ਲੈ ਸਕਦੇ ਹੋ।

# ਪੈਰੋਲ ਬੋਰਡ ਆਫ਼ ਕੈਨੇਡਾ ਤੋਂ ਅਧਿਕ ਜਾਣਕਾਰੀ ਹਾਸਲ ਕਰਨ ਦਾ ਹੱਕ ਤੁਹਾਨੂੰ ਹਾਸਲ ਹੈ:

ਪੀ ਬੀ ਸੀ (PBC/CLCC) ਦੇ ਫ਼ੈਸਲਿਆਂ ਦੀ ਰਜਿਸਟਰੀ ਤੋਂ ਪੀੜਤ ਤੇ ਆਮ ਜਨਤਾ ਪੀ ਬੀ ਸੀ (PBC/CLCC) ਦਾ ਫ਼ੈਸਲਾ ਹਾਸਲ ਕਰਨ ਲਈ ਬੇਣਤੀ ਕਰ ਸਕਦੀ ਹੈ। ਇਨ੍ਹਾਂ ਦਸਤਾਵੇਜ਼ਾਂ ਵਿੱਚ ਸ਼ਰਤਾਂ ਅਧੀਨ ਰਿਹਾਈ ਦੇ ਕਾਰਨ, ਅਪਰਾਧੀ ਦੀ ਜੇਲ੍ਹ ਵਿੱਚ ਵਾਪਸੀ, ਹਿਰਾਸਤ, ਅਤੇ ਪੀ ਬੀ ਸੀ (PBC/CLCC) ਦੇ ਫ਼ੈਸਲਿਆਂ ਦੇ ਕਾਰਨ ਸ਼ਾਮਲ ਹੋ ਸਕਦੇ ਹਨ। ਪੀ ਬੀ ਸੀ (PBC/CLCC) ਅਜਿਹੇ ਲਿਖਤੀ ਫ਼ੈਸਲਿਆਂ ਜਿਹੜੇ ਜਾਣਕਾਰੀ ਦੇ ਗੁਪਤ ਸਰੋਤਾਂ ਨੂੰ ਜ਼ਾਹਰ ਕਰਦੇ ਹੋਣ, ਵਿਅਕਤੀ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਂਦੇ ਹੋਣ ਜਾਂ ਅਪਰਾਧੀ ਦੇ ਸਮਾਜ ਅੰਦਰ ਕਨੂੰਨ ਦੇ ਪਾਬੰਦ ਸ਼ਹਿਰੀ ਵਜੋਂ ਵਾਪਸੀ ਵਿੱਚ ਰੁਕਾਵਟ ਬਣਦੇ ਹੋਣ, ਦੇਣ ਤੋਂ ਮੁਕਤ ਰੱਖ ਸਕਦਾ ਹੈ।

# ਸੁਧਾਰ ਤੇ ਪੈਰੋਲ ਪਰਕਿਰਿਆ ਵਿੱਚ ਤੁਸੀਂ ਆਪਣੀ ਗੱਲ ਕਰ ਸਕਦੇ ਹੋ

ਤੁਹਾਡੇ ਕੋਲ ਸੁਰੱਖਿਆ ਅਤੇ ਪ੍ਰਭਾਵ, ਜਿਹੜਾ ਅਪਰਾਧ ਨੇ ਤੁਹਾਡੇ, ਤੁਹਾਡੇ ਪਰਿਵਾਰ, ਭਾਈਚਾਰੇ 'ਤੇ ਪਾਇਆ ਹੋਵੇ, ਸੰਬੰਧਤ ਕੋਈ ਵੀ ਜਾਣਕਾਰੀ ਹੋਵੇ ਸੀ ਐਸ ਸੀ (CSC/SCC) ਅਤੇ ਪੀ ਬੀ ਸੀ (PBC/CLCC) ਉਸ ਦਾ ਸੁਆਗਤ ਕਰਦੇ ਹਨ। ਪੀੜਤ ਅਜਿਹੀ ਜਾਣਕਾਰੀ ਜਾਂ ਕੋਈ ਹੋਰ ਜਾਣਕਾਰੀ ਜਿਹੜੀ ਉਹ ਸਮਝਦੇ ਹੋਣ ਕਿ ਸੀ ਐਸ ਸੀ (CSC/SCC) ਅਤੇ ਪੀ ਬੀ ਸੀ (PBC/CLCC) ਲਈ ਸੰਬੰਧਤ ਹੈ, ਕਿਸੇ ਵੀ ਸਮੇਂ, ਮੁਹੱਈਆ ਕਰ ਸਕਦੇ ਹਨ। ਤੁਸੀਂ ਅਪਰਾਧੀ ਦੀ ਪੈਰੋਲ ਸੁਣਵਾਈ ਵਿਖੇ ਦਰਸ਼ਕ ਦੇ ਤੌਰ ਤੇ ਹਾਜ਼ਰ ਹੋਣ ਲਈ ਬੇਣਤੀ ਕਰ ਸਕਦੇ ਹੋ ਅਤੇ ਪੀ ਬੀ ਸੀ (PBC/CLCC) ਦੇ ਮੈਂਬਰਾਂ ਨੂੰ ਅਜਿਹਾ ਲਿਖਤੀ ਬਿਆਨ ਪੜ੍ਹ ਕੇ ਸੁਣਾ ਸਕਦੇ ਹੋ ਜਿਸ ਅੰਦਰ ਅਪਰਾਧ ਕਾਰਨ ਤੁਹਾਡੇ 'ਤੇ ਪਏ ਸਰੀਰਕ, ਭਾਵਾਤਮਕ, ਅਤੇ/ਜਾਂ ਮਾਇਕ ਅਸਰਾਂ (ਸਮੇਤ ਜਾਇਦਾਦ ਨੂੰ ਹਾਨੀ ਅਤੇ ਆਰਥਕ ਹਾਨੀ ਦੇ) ਦੇ ਵੇਰਵੇ ਸ਼ਾਮਲ ਹੋ ਸਕਦੇ ਹਨ। ਪੈਰੋਲ ਸੁਣਵਾਈ ਦੌਰਾਨ ਪੀ ਬੀ ਸੀ (PBC/CLCC) ਨੂੰ ਪੇਸ਼ ਕਰਨ ਲਈ ਤੁਸੀਂ ਆਪਣੇ ਬਿਆਨ ਦੀ ਆਡੀਓ ਜਾਂ ਵਿਡੀਓ ਰਿਕਾਰਡਿੰਗ ਵੀ ਦੇ ਸਕਦੇ ਹੋ। ਜ਼ੁਬਾਨੀ ਪੇਸ਼ਕਾਰੀ ਦੇ ਨਾਲ ਆਪਣੇ ਬਿਆਨ ਦੀ ਲਿਖਤੀ ਨਕਲ ਦੇਣੀ ਜ਼ਰੂਰੀ ਹੈ। ਪੀ ਬੀ ਸੀ (PBC/CLCC) ਮੰਗ ਕਰਦੀ ਹੈ ਕਿ ਤੁਹਾਡੇ ਬਿਆਨ ਦੀ ਲਿਖਤੀ ਨਕਲ, ਜੇ ਅਨੁਵਾਦ ਦੀ ਲੋੜ ਨਾ ਹੋਵੇ ਤਾਂ ਸੁਣਵਾਈ ਦੇ 30 ਦਿਨ ਪਹਿਲਾਂ ਅਤੇ ਜੇ ਅਨੁਵਾਦ ਦੀ ਲੋੜ ਹੋਵੇ ਤਾਂ 45 ਦਿਨ ਪਹਿਲਾਂ ਪੇਸ਼ ਕੀਤੀ ਜਾਵੇ।

ਜਿਸ ਅਪਰਾਧੀ ਨੇ ਤੁਹਾਨੂੰ ਹਾਨੀ ਪਹੁੰਚਾਈ ਹੋਵੇ ਉਸ ਸੰਬੰਧੀ ਪੀ ਬੀ ਸੀ (PBC/CLCC) ਦੀ ਸੁਣਵਾਈ ਵਿੱਚ\ਹਾਜ਼ਰ ਹੋਣ ਵਾਸਤੇ ਮਾਇਕ ਮਦਦ ਲਈ ਤੁਸੀਂ ਡਿਪਾਰਟਮੈਂਟ ਆਫ਼ ਜਸਟਿਸ ਕੈਨੇਡਾ ਵੱਲੋਂ ਚਲਾਏ ਜਾਂਦੇ ਵਿਕਟਿਮ ਫ਼ੰਡ ਲਈ ਵੀ ਅਰਜ਼ੀ ਦੇ ਸਕਦੇ ਹੋ। ਮਦਦ ਹਾਸਲ ਕਰਨ ਵਾਸਤੇ ਤੁਹਾਡੇ ਲਈ ਸੀ ਐਸ ਸੀ (CSC/SCC) ਜਾਂ ਪੀ ਬੀ ਸੀ (PBC/CLCC) ਨਾਲ ਆਪਣਾ ਨਾਂ ਦਰਜ ਕਰਵਾਉਣਾ ਜ਼ਰੂਰੀ ਹੈ। ਵਿਕਟਿਮ ਫ਼ੰਡ, ਪੀ ਬੀ ਸੀ (PBC/CLCC) ਸੁਣਵਾਈ ਵਿਖੇ ਰਜਿਸਟਰਸ਼ੁਦਾ ਪੀੜਤ ਦੇ ਨਾਲ ਇੱਕ ਸਹਾਇਕ ਵਿਅਕਤੀ ਲਈ ਮਾਇਕ ਸਹਾਇਤਾ ਮੁਹੱਈਆ ਕਰਦਾ ਹੈ।

ਵਿਕਟਿਮ ਫ਼ੰਡ ਸੰਬੰਧੀ ਜਾਣਕਾਰੀ ਲਈ ਤੁਸੀਂ ਡਿਪਾਰਟਮੈਂਟ ਆਫ਼ ਜਸਟਿਸ ਦੀ ਵੈੱਬਸਾਈਟ **justice.gc.ca/eng/fund-fina/cj-jp/fund-fond/attend-audience.html** 'ਤੇ ਜਾ ਸਕਦੇ ਹੋ।

# ਕੀ ਤੁਹਾਡੇ ਵੱਲੋਂ ਮੁਹੱਈਆ ਕੀਤੀ ਜਾਣਕਾਰੀ ਅਪਰਾਧੀ ਨਾਲ ਸਾਂਝੀ ਕੀਤੀ ਜਾਵੇਗੀ?

ਤੁਹਾਡੇ ਬਾਰੇ ਜ਼ਾਤੀ ਜਾਣਕਾਰੀ, ਜਿਵੇਂ ਕਿ ਤੁਹਾਡਾ ਪਤਾ, ਟੈਲੀਫ਼ੋਨ ਨੰਬਰ ਅਤੇ ਸੰਪਰਕ ਸੰਬੰਧਤ ਹੋਰ ਜਾਣਕਾਰੀ ਅਪਰਾਧੀ ਨਾਲ ਸਾਂਝੀ ਨਹੀਂ ਕੀਤੀ ਜਾਂਦੀ। ਫ਼ਿਰਵੀ, ਕਨੂੰਨ ਮੰਗ ਕਰਦਾ ਹੈ ਕਿ ਸੀ ਐਸ ਸੀ (CSC/SCC) ਅਤੇ ਪੀ ਬੀ ਸੀ (PBC/CLCC) ਫ਼ੈਸਲਾ ਕਰਨ ਦੀ ਪਰਕਿਰਿਆ ਦੌਰਾਨ ਵਿਚਾਰ ਅਧੀਨ ਆਉਂਦੀ ਜਾਣਕਾਰੀ, ਜਿਸ ਵਿੱਚ ਪੀੜਤ ਵੱਲੋਂ ਮੁਹੱਈਆ ਕੀਤੀ ਜਾਣਕਾਰੀ , ਜਾਂ ਉਸ ਜਾਣਕਾਰੀ ਦਾ ਸੰਖੇਪ ਸ਼ਾਮਲ ਹੁੰਦਾ ਹੈ, ਅਪਰਾਧੀ ਨੂੰ ਜ਼ਾਹਰ ਕਰਨ।

# ਸੀ ਐਸ ਸੀ (CSC/SCC) ਤੁਹਾਡੇ ਵੱਲੋਂ ਮੁਹੱਈਆ ਕੀਤੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦਾ ਹੈ।

ਸ਼ਜਾ ਸੁਣਾਉਣ ਸਮੇਂ ਜੇ ਤੁਸਾਂ ਅਦਾਲਤ ਨੂੰ ਵਿਕਟਿਮ ਇੰਪੈਕਟ ਸਟੇਟਮੈਂਟ ਦਿੱਤੀ ਹੋਵੇ ਤਾਂ ਅਪਰਾਧੀ ਦੀ ਫ਼ਾਈਲ ਸਮੇਤ ਦੂਜੇ ਅਦਾਲਤੀ ਦਸਤਾਵੇਜ਼ਾਂ ਦੇ, ਸੀ ਐਸ ਸੀ (CSC/SCC) ਵਸੂਲ ਕਰਦਾ ਹੈ। ਸਜ਼ਾ ਦੇਣ ਦੌਰਾਨ ਕਿਸੇ ਵੀ ਘੜੀ ਸੀ ਐਸ ਸੀ (CSC/SCC) ਵੱਲੋਂ ਫ਼ੈਸਲਾ ਕਰਨ ਵਿੱਚ ਮਦਦ ਕਰਨ ਲਈ ਜਾਣਕਾਰੀ ਮੁਹੱਈਆ ਕਰਦਾ ਲਿਖਤੀ ਬਿਆਨ ਦਿੱਤਾ ਜਾ ਸਕਦਾ ਹੈ। ਪੀੜਤ ਬਾਰੇ ਸੀ ਐਸ ਸੀ (CSC/SCC) ਨੂੰ ਮੁਹੱਈਆ ਕੀਤੀ ਜਾਣਕਾਰੀ ਪੀ ਬੀ ਸੀ (PBC/CLCC) ਨਾਲ ਸਾਂਝੀ ਕੀਤੀ ਜਾਂਦੀ ਹੈ ਅਤੇ ਹੇਠ ਦਰਜ ਅਨੁਸਾਰ ਵਰਤੀ ਜਾਂਦੀ ਹੈ:

- ਸਮਾਜ ਦੀ ਸੁਰੱਖਿਆ ਲਈ ਲੋੜੀਂਦੀ ਸੰਸਥਾਪਕ ਸੁਰੱਖਿਆ ਪੱਧਰ ਬਾਰੇ ਫ਼ੈਸਲੇ ਕਰਨ ਲਈ;
- ਕੀ ਅਪਰਾਧੀ ਨੂੰ ਸ਼ਰਤਾਂ ਅਧੀਨ ਰਿਹਾਈ, ਜਿਵੇਂ ਕਿ ਪੈਰੋਲ, ਅਤੇ ਰਿਹਾਈ ਸੰਬੰਧੀ ਹੋਰ ਕਿਹੜੀਆਂ ਅਧਿਕ ਵਿਸੇਸ਼ ਸ਼ਰਤਾਂ ਲਾਈਆਂ ਜਾਣ, ਦਿੱਤੀ ਜਾਵੇ ਬਾਰੇ ਪੀ ਬੀ ਸੀ (PBC/CLCC) ਨੂੰ ਸਿਫ਼ਾਰਸ਼ ਕਰਨ ਲਈ;
- ਇਹ ਫ਼ੈਸਲੇ ਕਰਨ ਲਈ ਕਿ ਕੀ ਅਪਰਾਧੀ ਨੂੰ ਆਰਜ਼ੀ ਗ਼ੈਰ-ਹਾਜ਼ਰੀ ਰਿਹਾਈ ਜਾਂ ਕੰਮ ਲਈ ਰਿਹਾਈ ਦਿੱਤੀ ਜਾਵੇ;ਅਤੇ
- ਅਪਰਾਧੀ ਵੱਲੋਂ ਮੁੜ-ਅਪਰਾਧ ਕਰਨ ਦੇ ਖ਼ਤਰੇ ਦਾ ਮੁਲਾਂਕਣ ਕਰਨ ਲਈ ਅਤੇ ਪ੍ਰੋਗਰਾਮਾਂ ਦੀ ਲੋੜ ਨਿਚਚਿਤ ਕਰਨ ਲਈ।

# ਤੁਹਾਡੇ ਵੱਲੋਂ ਮੁਹੱਈਆ ਕੀਤੀ ਜਾਣਕਾਰੀ ਪੀ ਬੀ ਸੀ (PBC/CLCC) ਕਿਵੇਂ ਵਰਤਦਾ ਹੈ?

ਤੁਹਾਡੇ ਵੱਲੋਂ ਮੁਹੱਈਆ ਕੀਤੀ ਜਾਣਕਾਰੀ ਕੀਤੇ ਗਏ ਅਪਰਾਧ ਦੀ ਗੰਭੀਰਤਾ ਨੂੰ ਸਮਝਣ ਅਤੇ ਇਹ ਮੁਲਾਂਕਣ ਕਰਨ ਲਈ ਕਿ ਅਪਰਾਧੀ ਮੰਨਦਾ ਹੈ ਕਿ ਉਸ ਨੇ ਨੁਕਸਾਨ ਕੀਤਾ ਹੈ ਵਿੱਚ ਮੁਲਵਾਨ ਸਾਧਨ ਸਿੱਧ ਹੁੰਦੀ ਹੈ। ਇਹ ਜਾਣਕਾਰੀ ਪੀ ਬੀ ਸੀ (PBC/CLCC) ਦੀ ਇਹ ਮੁਲਾਂਕਣ ਕਰਨ ਵਿੱਚ ਮਦਦ ਕਰੇਗੀ ਕਿ:

- ਜੇ ਅਪਰਾਧੀ ਨੂੰ ਸ਼ਰਤਾਂ ਅਧੀਨ ਰਿਹਾਈ ਅਨੁਸਾਰ ਰਿਹਾ ਕੀਤਾ ਜਾਂਦਾ ਹੈ, ਤਾਂ ਕੀ ਅਪਰਾਧੀ ਮੁੜ ਕੇ ਅਪਰਾਧ ਕਰਨ ਦੀ ਸੰਭਾਵਨਾ ਰੱਖਦਾ ਹੈ; ਅਤੇ
- ਸਮਾਜ ਨੂੰ ਵਿਸੇਸ਼ ਖ਼ਤਰੇ ਤੋਂ ਬਚਾਉਣ ਲਈ ਜਿਹੜਾ ਕਿ ਅਪਰਾਧੀ ਬਣ ਸਕਦਾ ਹੈ, ਖ਼ਾਸ ਤੌਰ ਤੇ ਜੇ ਅਪਰਾਧੀ ਤੁਹਾਡੇ ਨਜ਼ਦੀਕ ਰਹਿੰਦਾ ਹੋਵੇ ਜਾਂ ਤੁਹਾਡੇ ਪਿਰਵਾਰ ਦਾ ਮੈਂਬਰ ਹੋਵੇ, ਅਜਿਹੇ ਕੀ ਖ਼ਤਰੇ ਸੰਬੰਧੀ ਅਧਿਕ ਸ਼ਰਤਾਂ ਲਾਉਣੀਆਂ ਜ਼ਰੂਰੀ ਹੋ ਸਕਦੀਆਂ ਹਨ।

ਕੈਨੇਡੀਅਨ ਵਿਕਟਿਮਜ਼ ਬਿੱਲ ਆਫ ਰਾਈਟਸ (CVBR/CCDV) ਵਿੱਚ ਆਈਆਂ ਤਬਦੀਲੀਆਂ ਕਾਰਨ ਪੀ ਬੀ ਸੀ (PBC/CLCC) ਉਨ੍ਹਾਂ ਅਪਰਾਧੀਆਂ 'ਤੇ ਪੀੜਤ ਦੀ ਸੁਰੱਖਿਆ ਵਾਲੀਆਂ ਵਾਜਬ ਤੇ ਅਹਿਮ ਸ਼ਰਤਾਂ ਲਾਗੂ ਕਰਨ ਦੀ ਮੰਗ ਕਰਦਾ ਹੈ ਜੋ, ਜਦੋਂ ਪੀੜਤ ਵੱਲੋਂ ਸਟੇਟਮੈਂਟ (ਬਿਆਨ) ਦਿੱਤੀ ਗਈ ਹੋਵੇ ਤੇ ਉਹ ਅਪਰਾਧੀ ਲੰਮੇ ਅਰਸੇ ਲਈ ਨਿਗਰਾਨੀ ਦੇ ਹੁਕਮ ਅਧੀਨ ਹੋਵੇ। ਕੁਰੈਕਸ਼ਨਜ਼ ਐਂਡ ਕਨਡੀਸ਼ਨਲ ਰਿਲੀਜ਼ ਐਕਟ (CCRA/LSCMLC) ਪਹਿਲਾਂ ਹੀ

ਪੀੜਤ ਦੀ ਸੁਰੱਖਿਆਂ ਵਾਲੀਆਂ ਸ਼ਰਤਾਂ ਅਜਿਹੇ ਅਪਰਾਧੀਆਂ 'ਤੇ ਲਾਗੂ ਕਰਦਾ ਹੈ ਜਿਹੜੇ ਨਿਗਰਾਨੀ-ਰਹਿਤ ਆਰਜ਼ੀ ਗ਼ੈਰ-ਹਾਜ਼ਰੀ, ਪੈਰੋਲ ਜਾਂ ਕਨੂੰਨੀ ਰਿਹਾਈ 'ਤੇ ਗਏ ਹੋਣ। ਮਿਸਾਲ ਵਜੋਂ, ਬੋਰਡ ਇਹ ਸ਼ਰਤ ਲਾਗੂ ਕਰ ਸਕਦਾ ਹੈ ਕਿ ਅਪਰਾਧੀ ਤੁਹਾਡੇ ਨਾਲ ਸੰਪਰਕ ਨਾ ਕਰੇ ਜਾਂ ਤੁਹਾਡੇ ਰਿਹਾਇਸ਼ ਤੋਂ ਨਿਸਚਿਤ ਦੂਰੀ ਤੇ ਰਹੇ।

# ਫ਼ੈਡਰਲ ਅਪਰਾਧੀ ਦੀ ਰਿਹਾਈ ਲਈ ਤਿਆਰੀ ਕਰਨੀ?

ਜੇ ਅਜਿਹੇ ਅਪਰਾਧੀ, ਜਿਸ ਨੇ ਤੁਹਾਨੂੰ ਹਾਨੀ ਪਹੁੰਚਾਈ ਹੋਵੇ, ਦੀ ਸ਼ਰਤਾਂ ਅਧੀਨ ਰਿਹਾਈ ਬਾਰੇ ਤੁਹਾਡੇ ਸੁਰੱਖਿਆ ਸੰਬੰਧੀ ਕੋਈ ਸਰੋਕਾਰ ਹੋਣ ਤਾਂ ਤੁਸੀਂ ਅਪਰਾਧੀ ਦੀ ਭਾਈਚਾਰੇ ਵਿੱਚ ਵਾਪਸੀ ਤੋਂ ਪਹਿਲਾਂ ਕਈ ਗੱਲਾਂ ਹਨ ਜੋ ਤੁਸੀਂ ਅਗਾਊ ਕਰਨੀਆਂ ਚਾਹੋਗੇ, ਮਿਸਾਲ ਵਜੋਂ:

- ਸੂਚਿਤ ਰਹੋ - ਸੀ ਐਸ ਸੀ (CSC/SCC) ਜਾਂ ਪੀ ਬੀ ਸੀ (PBC/CLCC) ਨੂੰ ਆਪਣਾ ਨਾਂ ਦਰਜ ਕਰਵਾ ਦਿਉ;
- ਸੀ ਐਸ ਸੀ (CSC/SCC) ਜਾਂ ਪੀ ਬੀ ਸੀ (PBC/CLCC) ਨੂੰ ਆਪਣੇ ਸਰੋਕਾਰਾਂ ਬਾਰੇ ਜਾਣੂ ਕਰਵਾਉ;
- ਅਪਰਾਧੀ ਦੀ ਆਗਾਮੀ ਰਿਹਾਈ ਬਾਰੇ ਆਪਣੇ ਸਥਾਨਕ ਪੁਲੀਸ ਏਜੰਸੀ ਨੂੰ ਜਾਣੂ ਕਰਵਾਉ;
- ਭਾਈਚਾਰੇ ਦੀ ਮਦਦ ਲਉ;
- ਵਿਸੇਸ਼ ਜ਼ਰੂਰਤਾਂ ਅਤੇ ਸਥਿਤੀਆਂ, ਸਮੇਤ ਘਰ ਅੰਦਰ ਤੇ ਬਾਹਰ ਜ਼ਾਤੀ ਸੁਰੱਖਿਆ ਦੇ, ਸੰਬੰਧੀ ਸੁਰੱਖਿਆ ਯੋਜਨਾਵਾਂ ਬਣਾਉ;

- ਅਪਰਾਧੀ ਨਾਲ ਸੰਬੰਧਤ ਪੁਲੀਸ, ਅਦਾਲਤਾਂ, ਅਤੇ ਕੁਰੈਕਸ਼ਨਜ਼/ਪੈਰੋਲ ਦੇ ਸਾਰੇ ਦਸਤਾਵੇਜ਼ਾਂ ਨੂੰ ਸਾਂਭ ਕੇ ਰੱਖੋ ਅਤੇ ਹਰੇਕ ਅਣਚਾਹੇ ਸੰਪਰਕ (ਸੰਪਰਕਾਂ) ਦਾ ਰਿਕਾਰਡ ਰੱਖੋ;
- ਅਪਰਾਧੀ ਵੱਲੋਂ ਕੀਤੇ ਹਰੇਕ ਨਵੇਂ ਜੁਰਮ ਜਾਂ ਉਲੰਘਣਾ ਦੀ ਰਿਪੋਰਟ ਕਰੋ; ਅਤੇ
- ਅਤੇ ਪੀਸ ਬਾਂਡ (ਅਮਨ ਲਈ ਪਰਤਿਗਿਆ ਪੱਤਰ) ਲਈ ਅਰਜ਼ੀ ਦਿਉ।

ਫ਼ੈਡਰਲ ਅਪਰਾਧੀ ਦੀ ਰਿਹਾਈ ਲਈ ਤਿਆਰੀ ਬਾਰੇ ਜਾਣਕਾਰੀ ਲਈ ਨੈਸ਼ਨਲ ਆਫ਼ਸ ਫ਼ਾਰ ਵਿਕਟਿਮਜ਼ ਨਾਲ ਟੋਲ ਫ਼੍ਰੀ **1-866-525-0554** 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਉਨ੍ਹਾਂ ਦੀ ਵੈੱਬਸਾਈਟ **publicsafety.gc.ca/nov** ਉੱਤੇ ਜਾਉ:

# ਪੀੜਤਾਂ ਲਈ ਫ਼ੈਡਰਲ ਸੇਵਾਵਾਂ

## ਪਬਲਿਕ ਸੇਫ਼ਟੀ ਕੈਨੇਡਾ: ਨੈਸ਼ਨਲ ਆਫ਼ਿਸ ਫ਼ਾਰ ਵਿਕਟਿਮਜ਼

ਪਬਲਿਕ ਸੇਫ਼ਟੀ ਕੈਨੇਡਾ ਦਾ ਨੈਸ਼ਨਲ ਆਫ਼ਿਸ ਫ਼ਾਰ ਵਿਕਟਿਮਜ਼, ਫ਼ੈਡਰਲ ਜੇਲ੍ਹਾਂ ਨਾਲ ਸੰਬੰਧਤ ਮਾਮਲਿਆਂ ਬਾਰੇ ਜਾਣਕਾਰੀ ਅਤੇ ਸਮਰਥਣ ਪੇਸ਼ ਕਰਦਿਆਂ ਹੋਇਆਂ ਕੇਂਦਰੀ ਸੋਮੇਂ ਵਜੋਂ ਕੰਮ ਕਰਦਾ ਹੈ। ਆਦੇਸ਼ ਦੇ ਹਿੱਸੇ ਵਜੋਂ, ਇਹ ਦਫ਼ਤਰ:

- ਅਜਿਹਾ ਟੋਲ ਫ੍ਰੀ ਫੋਨ **1-866-525-0554** ਰੱਖਦਾ ਹੈ ਜਿੱਥੇ ਕੈਨੇਡਾ ਜਾਂ ਯੂਨਾਈਟਿਡ ਸਟੇਟਸ ਤੋਂ ਕਿਸੇ ਵੀ ਥਾਂ ਤੋਂ ਫ਼ੋਨ ਕਰਕੇ ਪੀੜਤ ਕੈਨੇਡਾ ਅੰਦਰ ਉਲਬਧ ਪੀੜਤ ਸੇਵਾਵਾਂ ਬਾਰੇ ਜਾਣਕਾਰੀ ਹਾਸਲ ਕਰ ਸਕਦਾ ਹੈ;
- ਵਿਸੇਸ਼ ਪੁੱਛ-ਗਿੱਛ ਲਈ ਸੀ ਐਸ ਸੀ (CSC/SCC) ਅਤੇ ਪੀ ਬੀ ਸੀ (PBC/CLCC) ਨੂੰ ਭੇਜਣ ਦੀ ਸੇਵਾ ਮੁਹੱਈਆ ਕਰਦਾ ਹੈ;
- ਫ਼ੈਡਰਲ ਅਪਰਾਧੀਆਂ ਦੇ ਪੀੜਤਾਂ, ਪੀੜਤ ਸੇਵਾ ਪਰਦਾਨ ਕਰਨ ਵਾਲਿਆਂ, ਅਤੇ ਆਮ ਜਨਤਾ ਦੀ ਜਾਣਕਾਰੀ ਲਈ ਵਿਸੇਸ਼ ਵਸਤਾਂ ਦਾ ਵਿਕਾਸ ਕਰਦਾ ਹੈ;
- ਪੀੜਤਾਂ, ਪੀੜਤਾਂ ਦੇ ਵਕੀਲਾਂ ਅਤੇ ਦੂਜੇ ਭਾਈਵਾਲਾਂ ਨਾਲ ਬਾਕਾਇਦਾ ਮਸ਼ਵਰਾ ਕਰਦਾ ਹੈ;
- ਯਕੀਨੀ ਬਣਾਉਂਦਾ ਹੈ ਕਿ ਰਾਸ਼ਟਰੀ ਪਾਲਸੀ ਦੇ ਵਿਕਾਸ ਅੰਦਰ ਪੀੜਤ ਦੇ ਹਿਤ ਸ਼ਾਮਲ ਹੁੰਦੇ ਹੋਣ;
- ਉਭਰ ਰਹੇ ਪੀੜਤ ਮਾਮਲਿਆਂ ਬਾਰੇ ਫ਼ੈਡਰਲ ਅਤੇ ਪਰਾਂਤਕ

ਮੁੱਖ ਭਾਈਵਾਲਾਂ ਨਾਲ ਸਹਿਯੋਗੀ ਢੰਗ ਨਾਲ ਕੰਮ ਕਰਦਾ ਹੈ; ਅਤੇ

- ਪਾਲਸੀ ਦਾ ਵਿਕਾਸ ਕਰਨ ਅਤੇ ਪੀੜਤ ਸੰਬੰਧਤ ਮਸਲਿਆਂ ਬਾਰੇ ਮਨਿੱਸਟਰ ਆਫ਼ ਪਬਲਿਕ ਸੇਫ਼ਟੀ ਐਂਡ ਅਮਰਜੰਸੀ ਪਰਿਪੇਅਰਡਨੈਸ , ਕੈਨੇਡਾ ਨੂੰ ਮਸ਼ਵਰਾ ਦੇਣ, ਸਮੇਤ ਅਜਿਹੇ ਫ਼ੈਡਰਲ ਕਨੂੰਨ ਵਿੱਚ ਸੁਧਾਰ ਲਿਆਉਣ, ਜਿਵੇਂ ਕਿ ਕੁਰੈਕਸ਼ਨਜ਼ ਐਂਡ ਕਨਡੀਸ਼ਨਲ ਰਿਲੀਜ਼ ਐਕਟ (CCRA/LSCMLC) ਦੇ ਜਿਸ ਦਾ ਪ੍ਰਭਾਵ ਜੇਲ੍ਹ ਅੰਦਰ ਪੀੜਤਾਂ 'ਤੇ ਪੈਂਦਾ ਹੋਵੇ, ਵਿੱਚ ਅਗਵਾਈ ਕਰਦਾ ਅਤੇ ਸ਼ਮੂਲੀਅਤ ਕਰਦਾ ਹੈ।

ਵਧੇਰੇ ਜਾਣਕਾਰੀ ਲਈ, ਨੈਸ਼ਨਲ ਆਫਿਸ ਫ਼ਾਰ ਵਿਕਟਿਮਜ਼ ਦੀ ਵੈੱਬਸਾਈਟ **publicsafety.gc.ca/nov** 'ਤੇ ਜਾਉ।

# ਕੁਰੈਕਸ਼ਨਲ ਸਰਵਸਿਜ਼ ਆਫ਼ ਕੈਨੇਡਾ: ਵਿਕਟਿਮ ਸਰਵਿਸ ਯੂਨਿਟ

ਪੀੜਤਾਂ ਨੂੰ ਰਜਿੱਸਟਰ ਕਰਨ ਤੋਂ ਇਲਾਵਾ, ਸੀ ਐਸ ਸੀ (CSC/SCC) ਦੇ ਵਿਕਟਿਮ ਸਰਵਸਿਜ਼ ਯੂਨਿਟ ਸਮਰਪਤ ਰੀਜਨਲ ਵਿਕਟਿਮ ਸਰਵਸਿਜ਼ ਮੈਨੇਜਰ ਅਤੇ ਵਿਕਟਿਮ ਸਰਵਸਿਜ਼ ਅਫਸਰ ਮੌਜੂਦ ਹੁੰਦੇ ਹਨ ਜਿਹੜੇ *ਕੁਰੈਕਸ਼ਨਜ਼ ਐਂਡ ਕਨਡੀਸ਼ਨਲ ਰਿਲੀਜ਼ ਐਕਟ* (CCRA/LSCMLC) ਦੀ ਧਾਰਾ 26 ਵਿੱਚ ਪਹਿਲਾਂ ਦਰਜ ਜਾਣਕਾਰੀ ਮੁਹੱਈਆ ਕਰਦੇ ਹਨ। ਇਹ ਯੂਨਿਟ ਪੀੜਤਾਂ ਨੂੰ ਸੂਚਣਾ ਦਿੰਦੀ ਹੈ, ਪੀੜਤਾਂ ਦੇ ਬਿਆਨ ਪ੍ਰਾਪਤ ਕਰਦੀ ਹੈ, ਫ਼ੈਡਰਲ ਕੁਰੈਕਸ਼ਨਜ਼ ਅਤੇ ਪੈਰੋਲ ਸੁਪਰਵੀਯਨ ਬਾਰੇ ਪੀੜਤਾਂ ਦੇ ਪ੍ਰਸ਼ਨਾਂ ਦੇ ਉੱਤਰ ਦਿੰਦੀ ਹੈ

ਅਤੇ ਸੀ ਐਸ ਸੀ (CSC/SCC) ਦੇ ਰੈਸਟੋਰੇਟਿਵ ਜਸਟਿਸ ਪ੍ਰੋਗਰਾਮਾਂ ਅਤੇ ਵਿਕਟਿਮ-ਅਫ਼ੈਂਡਰ ਸਮਝੌਤਿਆਂ ਦਿਆਂ ਸੇਵਾਵਾਂ ਅਤੇ ਸਥਾਨਕ, ਪਰਾਂਤਕ, ਫ਼ੈਡਰਲ ਅਤੇ ਟੈਰੀਟੋਰੀਅਲ ਵਿਕਟਿਮ ਸਰਵਿਸ ਏਜੰਸੀਆਂ ਬਾਰੇ ਆਮ ਜਾਣਕਾਰੀ ਮੁਹੱਈਆ ਕਰਦੀ ਹੈ। ਵਧੇਰੇ ਜਾਣਕਾਰੀ ਲਈ ਸੀ ਐਸ ਸੀ (CSC/SCC) ਨੂੰ **1-866-806-2275** 'ਤੇ ਫ਼ੋਨ ਕਰੋ ਜਾਂ ਉਸ ਦੀ ਵੈੱਬਸਾਈਟ **csc-scc.gc.ca/victims-victimes** 'ਤੇ ਜਾਉ।

# ਕੁਰੈਕਸ਼ਨਲ ਸਰਵਸਿਜ਼ ਆਫ਼ ਕੈਨੇਡਾ: ਰੈਸਟੋਰੇਟਿਵ ਜਸਟਿਸ ਯੂਨਿਟ

ਰੈਸਟੋਰੇਟਿਵ ਅਪਰਚੂਨਿਟੀਜ਼ [Restorative Opportunities (RO)/ possibilités de justice reparatrice (PJR)] ਪ੍ਰੋਗਰਾਮ ਦੁਆਰਾ ਸੀ ਐਸ ਸੀ (CSC/SCC) ਵਿਕਟਿਮ-ਅਫੈਂਡਰ ਮਿਡੀਏਸ਼ਨ [victim-offender mediation (VOM)/médiation entre la victime et le délinquant (MVD)] ਸੇਵਾਵਾਂ ਮੁਹੱਈਆ ਕਰਦੀ ਹੈ। ਜਿਸ ਅਪਰਧੀ ਨੇ ਹਾਨੀ ਪਹੁੰਚਾਈ ਹੋਵੇ ਉਸ ਨਾਲ ਅਪਰਾਧ ਕਾਰਨ ਪਏ ਪ੍ਰਭਾਵਾਂ ਨੂੰ ਸੰਬੋਧਨ ਹੋਣ ਦੇ ਮੰਤਵ ਨਾਲ ਵੀ ਓ ਐਮ (VOM/MVD) ਅਪਰਾਧ ਦੇ ਪੀੜਤ ਨੂੰ ਇੱਕ ਤਜਰਬਾਕਾਰ ਸਾਲਸ ਦੀ ਮਦਦ ਦੁਆਰਾ ਸੰਪਰਕ ਕਰਨ ਦਾ ਮੌਕਾ ਪੇਸ਼ ਕਰਦਾ ਹੈ। ਰੈਸਟੋਰੇਟਿਵ ਅਪਰਚੂਨਿਟੀਜ਼ (RO/PJR)ਪ੍ਰੋਗਰਾਮ ਪੀੜਤ ਨੂੰ ਆਪਣੀ ਗੱਲ ਦੱਸਣ, ਪ੍ਰਸ਼ਨ ਕਰਨ, ਅਪਰਾਧੀ ਨੂੰ ਜੁਆਬਦੇਹ ਕਰਾਰ ਦੇਣ, ਅਤੇ ਕੁਝ ਪਹਿਲੂਆਂ ਬਾਰੇ ਸੰਪੂਰਨ ਭਾਵਨਾ ਪ੍ਰਾਪਤ ਕਰਨ ਦਾ ਮੌਕਾ ਮੁਹੱਈਆ ਕਰ ਸਕਦਾ ਹੈ। ਵੀ ਓ ਐਮ (VOM/MVD) ਸ਼ਾਮਲ ਹੋਣ ਵਾਲਿਆਂ

ਦੀਆਂ ਜ਼ਰੂਰਤਾਂ ਨੂੰ ਸਾਮ੍ਹਣੇ ਰੱਖ ਕੇ ਕੀਤੀ ਜਾਂਦੀ ਹੈ ਅਤੇ ਕਈ ਵਿਧੀਆਂ ਰਾਹੀਂ ਕੀਤੀ ਜਾ ਸਕਦੀ ਹੈ ਜਿੰਨ੍ਹਾਂ ਵਿੱਚ ਲਿਖਤੀ ਚਿੱਠੀ-ਪੱਤਰ, ਵਿਡੀਉ ਰਾਹੀਂ ਸੁਨੇਹੇ ਅਤੇ/ਜਾਂ ਆਮ੍ਹਣੇ-ਸਾਮ੍ਹਣੇ ਮੀਟਿੰਗ ਵੀ ਸ਼ਾਮਲ ਹੋ ਸਕਦੇ ਹਨ।

ਰੈਸਟੋਰੇਟਿਵ ਅਪਰਚੂਨਿਟੀਜ਼ (RO/PJR) ਪ੍ਰੋਗਰਾਮ ਵਿੱਚ ਸ਼ਮੂਲੀਅਤ ਮੁਕੰਮਲ ਤੌਰਤੇ ਸਵੈ-ਇਛੁਕ ਹੁੰਦੀ ਹੈ। ਵਧੇਰੇ ਜਾਣਕਾਰੀ ਲਈ, ਤੁਸੀਂ ਸੀ ਐਸ ਸੀ (CSC/SCC) ਦੀ ਰੈਸਟੋਰੇਟਿਵ ਜਸਟਿਸ ਯੂਨਿਟ ਨਾਲ **613-947-7309** ਫ਼ੋਨ ਰਾਹੀਂ, ਈਮੇਲ r**estorativejustice@csc-scc.gc.ca** ਰਾਹੀਂ ਸੰਪਰਕ ਕਰ ਸਕਦੇ ਹੋ ਜਾਂ ਉਨ੍ਹਾਂ ਦੀ ਵੈੱਬਸਾਈਟ **csc-scc.gc.ca/text/rj/index-eng.shtml** 'ਤੇ ਜਾਉ।

# ਪੈਰੋਲ ਬੋਰਡ ਆਫ਼ ਕੈਨੇਡਾ: ਰੀਜਨਲ ਕਮਿਊਨੀਕੇਸ਼ਨ ਅਫ਼ਸਰ

ਰਜਿਸਟਰਸ਼ੁਦਾ ਪੀੜਤਾਂ ਨੂੰ ਜਾਣਕਾਰੀ ਅਤੇ ਸੇਵਾਵਾਂ ਮੁਹੱਈਆ ਕਰਨ ਲਈ ਹਰੇਕ ਇਲਾਕੇ ਅੰਦਰ ਪੀ ਬੀ ਸੀ (PBC/CLCC) ਕੋਲ ਰੀਜਨਲ ਕਮਿਊਨੀਕੇਸ਼ਨ ਅਫ਼ਸਰ [Regional Communications Officers (RCOs)/Agents régionaux de communications (ARC)] ਹੁੰਦੇ ਹਨ। ਇਹ ਅਫ਼ਸਰ ਪੀੜਤਾਂ ਦੇ ਨਾਂ ਦਰਜ ਕਰਦੇ ਹਨ ਅਤੇ ਪੈਰੋਲ ਬਾਰੇ ਫ਼ੈਸਲੇ ਕਰਨ ਦੀ ਪਰਕਿਰਿਆ ਅਤੇ ਕਾਰਵਾਈਆਂ ਸੰਬੰਧੀ ਜਾਣਕਾਰੀ ਅਤੇ ਅਗਵਾਈ ਮੁਹੱਈਆ ਕਰਦੇ ਹਨ। ਰੀਜਨਲ ਕਮਿਊਨੀਕੇਸ਼ਨ ਅਫ਼ਸਰ (RCO/ARCs) ,ਜੇ ਬੇਣਤੀ ਕੀਤੀ ਜਾਵੇ ਤਾਂ ਰਿਹਾਈ ਬਾਰੇ ਫ਼ੈਸਲਿਆਂ ਨੂੰ ਰਜਿਸਟਰਸ਼ੁਦਾ ਪੀੜਤ ਨਾਲ

ਸਾਂਝਾ ਕਰਦੇ ਹਨ; ਪੀੜਤਾਂ ਨੂੰ ਦੂਜੀਆਂ ਸੇਵਾਵਾਂ ਅਤੇ ਸਾਧਨਾਂ ਨਾਲ ਜੋੜਦੇ ਹਨ; ਪੀ ਬੀ ਸੀ (PBC/CLCC) ਦੀਆਂ ਸੁਣਵਾਈਆਂ ਮੌਕੇ ਪੇਸ਼ ਕਰਨ ਲਈ ਪੀੜਤ ਦੇ ਬਿਆਨ ਤਿਆਰ ਕਰਨ ਲੱਗਿਆਂ ਪੀੜਤ ਨੂੰ ਸਹਾਇਤਾ ਮੁਹੱਈਆ ਕਰਦੇ ਹਨ; ਅਤੇ ਪੀ ਬੀ ਸੀ (PBC) ਦੀਆਂ ਸੁਣਵਾਈਆਂ ਵਿਖੇ ਹਾਜ਼ਰ ਹੋ ਕੇ ਪਰਕਿਰਿਆ ਸੰਬੰਧੀ ਪੀੜਤ ਦੇ ਪ੍ਰਸ਼ਨਾਂ ਦੇ ਉੱਤਰ ਦਿੰਦੇ ਹਨ।

ਵਧੇਰੇ ਜਾਣਕਾਰੀ ਲਈ, ਪੀ ਬੀ ਸੀ (PBC/CLCC) ਨਾਲ **1-866-789-4636** 'ਤੇ ਸੰਪਰਕ ਕਰੋ ਜਾਂ ਵੈੱਬਸਾਈਟ **canada.ca/en/parole-board/index.html** 'ਤੇ ਜਾਉ।

# ਡਿਪਾਰਟਮੈਂਟ ਆਫ਼ ਜਸਟਿਸ ਕੈਨੇਡਾ: ਪਾਲਸੀ ਸੈਂਟਰ ਫ਼ਾਰ ਵਿਕਟਿਮ ਇਸ਼ੂਜ਼

ਡਿਪਾਰਟਮੈਂਟ ਆਫ਼ ਜਸਟਿਸ ਕੈਨੇਡਾ ਵਿਖੇ ਪੀ ਸੀ ਵੀ ਆਈ [Policy Centre for Victims Issues (PCVI)/Centre de la politique concernant les victimes (CPV)] ਹੇਠ ਦਰਜ ਕਾਰਵਾਈਆਂ ਦੁਆਰਾ ਫ਼ੈਡਰਲ ਪਾਲਸੀ ਦੇ ਵਿਕਾਸ ਕਰਨ ਵਿੱਚ ਅਗਵਾਈ ਕਰਦਾ ਹੈ:

- ਫ਼ੌਜਦਾਰੀ ਨਿਆਂ ਪਰਣਾਲੀ ਅੰਦਰ ਉਨ੍ਹਾਂ ਦੇ ਫ਼ਰਜ਼ਾਂ, ਅਤੇ ਕਨੂੰਨਾਂ, ਅਤੇ ਉਨ੍ਹਾਂ ਨੂੰ ਉਪਲਬਧ ਸੇਵਾਵਾਂ ਤੇ ਸਹਾਇਤਾ ਨੂੰ ਸਮਝਣ ਵਿੱਚ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕਰਕੇ;
- ਜਦੋਂ ਸੰਬੰਧਤ ਫ਼ੈਡਰਲ ਕਨੂੰਨ ਅਤੇ ਪਾਲਸੀਆਂ ਬਣਾਈਆਂ ਜਾ

ਰਹੀਆਂ ਹੋਣ ਉਸ ਸਮੇਂ ਪੀੜਤਾਂ ਦੇ ਸੰਦਰਭ ਪੂਰੀ ਤਰ੍ਹਾਂ ਮੂਹਰੇ ਰੱਖੇ ਜਾਣ ਨੂੰ ਯਕੀਨੀ ਬਣਾ ਕੇ;

- ਅਪਰਾਧ ਦੇ ਪੀੜਤਾਂ ਦੀਆਂ ਜ਼ਰੂਰਤਾਂ ਅਤੇ ਉਨ੍ਹਾਂ ਜ਼ਰੂਰਤਾਂ ਨਾਲ ਨਜਿੱਠਣ ਲਈ ਪ੍ਰਭਾਵੀ ਪਹੁੰਚ ਬਾਰੇ ਕੈਨੇਡਾ ਦੇ ਅੰਦਰ ਅਤੇ ਅੰਤ੍ਰਰਾਸ਼ਟਰੀ ਪੱਧਰ ਤੇ ਜਾਗ੍ਰਤੀ ਲਿਆ ਕੇ।

ਪੀ ਸੀ ਵੀ ਆਈ (PCVI/CPV) ਦੀਆਂ ਗਤੀਵਿਧੀਆਂ ਵਿੱਚ ਹੇਠ ਦਰਜ ਗੱਲਾਂ ਸ਼ਾਮਲ ਹਨ:

- ਬਹੁਤੇ ਅਜਿਹੇ ਫੈਡਰਲ ਕਨੂੰਨ ਅਤੇ ਗਤੀਵਿਧੀਆਂ ਜਿੰਨ੍ਹਾਂ ਦਾ ਪ੍ਰਭਾਵ ਪੀੜਤ 'ਤੇ ਪੈਂਦਾ ਹੈ ਬਾਰੇ **'ਪੀੜਤ' ਦੇ ਨਜ਼ਰੀਏ** ("victims' lens") **ਦਾ ਕੰਮ ਕਰਦਾ ਹੈ**;
- ਪੀੜਤ-ਸੰਬੰਧਤ ਮਾਮਲਿਆਂ ਬਾਰੇ ਅਜਿਹੇ ਪਹਿਲੂਆਂ ਅੰਦਰ **ਖੋਜ ਕਰਦਾ** ਹੈ ਜਿਵੇਂ ਕਿ ਕਨੂੰਨੀ ਸੁਧਾਰ, ਸਭ ਤੋਂ ਉੱਤਮ ਅਭਿਆਸ ਅਤੇ ਉਭਰ ਰਹੇ ਮਾਮਲੇ;
- **ਵਿਕਟਿਮ ਫ਼ੰਡਾਂ ਦਾ ਅਨੁਸ਼ਾਸਨ ਕਰਦਾ ਹੈ**, ਫ਼ੰਡ ਜਿਹੜੇ ਜਾਗ੍ਰਤੀ ਲਿਆਉਂਦੇ ਅਜਿਹੇ ਪਰੋਜੈਕਟਾਂ ਦਾ ਸਮਰਥਨ ਕਰਦੇ ਜੋ ਹਨ ਅਤੇ ਕੈਨੇਡਾ ਭਰ ਅੰਦਰ ਅਪਰਾਧ ਦੇ ਪੀੜਤਾਂ ਲਈ ਸੇਵਾਵਾਂ ਅਤੇ ਸਹਾਇਤਾ ਦੀ ਪੱਧਰ ਨੂੰ ਬਹਿਤਰ ਬਣਾਉਂਦੇ ਹਨ, ਅਤੇ ਜਿਹੜੇ ਅਪਰਾਧ ਦੇ ਪੀੜਤਾਂ ਨੂੰ ਸੀਮਤ ਪਰ ਸਿੱਧੇ ਤੌਰ ਤੇ ਮਾਲੀ ਮਦਦ ਮੁਹੱਈਆ ਕਰਦਾ ਹੈ;
- ਫ਼ੌਜਦਾਰੀ ਨਿਆਂ ਪਰਣਾਲੀ ਅਤੇ ਸੰਬੰਧਤ ਕਨੂੰਨ ਅੰਦਰ ਪੀੜਤਾਂ ਦੇ ਰੋਲ ਬਾਰੇ **ਜਨਤਕ ਕਨੂੰਨੀ ਸਿਖਿਆ ਅਤੇ ਜਾਣਕਾਰੀ ਮੁਹੱਈਆਂ ਕਰਦਾ ਹੈ;**
- **ਦੂਜੇ ਅਜਿਹੇ ਫ਼ੈਡਰਲ ਵਿਭਾਗਾਂ ਨਾਲ ਮਿਲਕੇ ਕੰਮ ਕਰਦਾ ਹੈ** ਜਿਹੜੇ ਅਪਰਾਧ ਦੇ ਪੀੜਤਾਂ ਨੂੰ ਜਾਣਕਾਰੀ ਅਤੇ ਸੇਵਾਵਾਂ ਮੁਹੱਈਆ ਕਰਨ ਲਈ ਜ਼ੰਮੇਵਾਰ ਹੁੰਦੇ ਹਨ;ਅਤੇ

- ਜਾਣਕਾਰੀ ਅਤੇ ਮਹਾਰਤ ਸਾਂਝੀ ਕਰਨ ਲਈ ਵੱਖ ਵੱਖ ਭਾਈਵਾਲਾਂ ਨਾਲ **ਮਸ਼ਵਰਾ ਕਰਦਾ ਹੈ**।

ਵਧੇਰੇ ਜਾਣਕਾਰੀ ਲਈ, ਪੀ ਸੀ ਵੀ ਆਈ (PCVI/CPV) ਨੂੰ ਟੋਲ ਫ਼੍ਰੀ **1-866-544-1007** ਫ਼ੋਨ ਕਰੋ ਜਾਂ ਉਨ੍ਹਾਂ ਦੀ ਵੈੱਬਸਾਈਟ **justice.gc.ca/eng/cj-jp/victims-victimes/index.html** 'ਤੇ ਜਾਓ।

# ਅਪਰਾਧ ਦੇ ਪੀੜਤਾਂ ਲਈ ਫ਼ੈਡਰਲ ਆਮਬਡਜ਼ਮੈਨ

ਆਫ਼ਿਸ ਆਫ਼ ਦੀ ਫ਼ੈਡਰਲ ਅਮਬਡਜ਼ਮੈਨ ਫ਼ਾਰ ਵਿਕਟਿਮਜ਼ ਆਫ਼ ਕਰਾਈਮ [Office of the Federal Ombudsman for Victims of Crime (OFOVC)/Bureau de l'ombudsman fédéral des victimes d'actes criminels (BOFVAC)] ਮਦਾਖ਼ਲਤ-ਰਹਿਤ ਇੱਕ ਫ਼ੈਡਰਲ ਸਰਕਾਰੀ ਦਫ਼ਤਰ ਹੁੰਦਾ ਹੈ ਜਿਹੜਾ ਇਹ ਯਕੀਨੀ ਬਣਾਉਣ ਲਈ ਕੰਮ ਕਰਦਾ ਹੈ ਕਿ ਫ਼ੈਡਰਲ ਸਰਕਾਰ ਅਪਰਾਧ ਦੇ ਪੀੜਤਾਂ ਸੰਬੰਧੀ ਫ਼ੈਡਰਲ ਸਰਕਾਰ ਆਪਣੀਆਂ ਜ਼ੰਮੇਵਾਰੀਆਂ ਪੂਰੀਆਂ ਕਰਦੀ ਰਹੇ। ਮਨਿੱਸਟਰ ਆਫ਼ ਜਸਟਿਸ ਨੂੰ ਸਿੱਧਾ ਰਿਪੋਰਟ ਕਰ ਕੇ ਆਫ਼ਿਸ ਆਫ ਦੀ ਫ਼ੈਡਰਲ ਅਮਬਡਜ਼ਮੈਨ ਫ਼ਾਰ ਵਿਕਟਿਮਜ਼ ਆਫ਼ ਕਰਾਈਮ (OFOVC/BOFVAC) ਹੇਠ ਦਰਜ ਕੰਮ ਕਰਕੇ ਅਪਰਾਧ ਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕਰਦਾ ਹੈ:

- ਪੀੜਤਾਂ ਨੂੰ, ਅਜਿਹੇ ਫ਼ੈਡਰਲ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਦੇ ਕੇ, ਜਿਹੜੀਆਂ ਉਨ੍ਹਾਂ ਦੀ ਮਦਦ ਕਰਨ ਲਈ ਮੌਜੂਦ ਹੋਣ;

- ਫ਼ੈਡਰਲ ਸਰਕਾਰ ਦੇ ਵਿਭਾਗਾਂ, ਏਜੰਸੀਆਂ, ਕਰਮਚਾਰੀਆਂ, ਕਨੂੰਨਾਂ ਤੇ ਪਾਲਸੀਆਂ ਬਾਰੇ ਪੀੜਤਾਂ ਵੱਲੋਂ ਕੀਤੀਆਂ ਗੱਈਆਂ ਸ਼ਕਾਇਤਾਂ ਨੂੰ ਸੰਬੋਧਤ ਹੋ ਕੇ;
- ਪੀੜਤਾਂ ਨੂੰ ਉਨ੍ਹਾਂ ਦੇ ਸ਼ਹਿਰ ਜਾਂ ਪਰਾਂਤ ਅੰਦਰ ਸਥਿਤ ਅਜਿਹੇ ਪ੍ਰੋਗਰਾਮਾਂ ਅਤੇ ਸੇਵਾਵਾਂ ਕੋਲ ਭੇਜ ਕੇ ਜਿਹੜੇ ਉਨ੍ਹਾਂ ਦੀ ਮਦਦ ਕਰ ਸਕਦੇ ਹੋਣ;
- ਅਜਿਹੇ ਮਸਲਿਆਂ, ਜਿੰਨ੍ਹਾਂ ਦਾ ਪੀੜਤਾਂ ਉੱਤੇ ਮੰਦਾ ਪ੍ਰਭਾਵ ਪੈਂਦਾ ਹੈ, ਦੀ ਸ਼ਨਾਖ਼ਤ ਕਰ ਕੇ; ਅਤੇ
- ਅਪਰਾਧ ਦੇ ਪੀੜਤਾਂ ਲਈ ਕਿਵੇਂ ਉਸਾਰੂ ਤਬਦੀਲੀਆਂ ਲਿਆਂਦੀਆਂ ਜਾਣ ਬਾਰੇ ਫ਼ੈਡਰਲ ਸਰਕਾਰ ਨੂੰ ਸਿਫ਼ਾਰਸ਼ਾਂ ਕਰ ਕੇ।

ਵਧੇਰੇ ਜਾਣਕਾਰੀ ਲਈ, ਆਫ਼ਿਸ ਆਫ ਦੀ ਫ਼ੈਡਰਲ ਅਮਬਡਜ਼ਮੈਨ ਫ਼ਾਰ ਵਿਕਟਿਮਜ਼ ਆਫ਼ ਕਰਾਈਮ (OFOVC/BOFVAC) ਦੀ ਵੈੱਬਸਾਈਟ **www.victimsfirst.gc.ca** ਉਪਰ ਜਾਉ ਜਾਂ ਈਮੇਲ **victimsfirst@ombudsman.gc.ca** ਦੁਆਰਾ (OFOVC/BOFVAC) ਨਾਲ ਸੰਪਰਕ ਕਰੋ, ਫ਼ੋਨ **613-954-1651**, **1-866-481-8429** (ਟੋਲ ਫ਼੍ਰੀ) ਜਾਂ **1-877-644-8385** (ਟੀ ਟੀ ਵਾਈ), ਜਾਂ ਫ਼ੈਕਸ ਰਾਹੀਂ **613-941-3498** ਸੰਪਰਕ ਕਰੋ।

# ਜੇ ਤੁਸੀਂ ਮੰਨਦੇ ਹੋਵੋ ਕਿ ਫ਼ੈਡਰਲ ਸਰਕਾਰ ਵੱਲੋਂ ਪੀੜਤ ਵਜੋਂ ਤੁਹਾਡੇ ਅਧਿਕਾਰਾਂ ਦਾ ਧਿਆਨ ਨਹੀਂ ਰੱਖਿਆ ਗਿਆ ਤਾਂ ਸ਼ਕਾਇਤ ਕਿਵੇਂ ਕਰਨੀ ਹੈ?

ਸੀ ਵੀ ਬੀ ਆਰ (CVBR/CCDV) ਮੰਗ ਕਰਦਾ ਹੈ ਕਿ ਪੀੜਤ ਦੇ ਅਧਿਕਾਰਾਂ ਦੀ ਉਲੰਘਣਾ ਨੂੰ ਸੰਬੋਧਨ ਹੋਣ ਲਈ ਅਪਰਾਧ ਦੇ ਪੀੜਤਾਂ ਨਾਲ ਕੰਮ ਕਰਦੀਆਂ ਫ਼ੈਡਰਲ ਸਰਕਾਰਾਂ ਅਤੇ ਏਜੰਸੀਆਂ ਕੋਲ ਸ਼ਕਾਇਤ ਪ੍ਰਕਿਰਿਆ ਮੌਜੂਦ ਹੋਣੀ ਚਾਹੀਦੀ ਹੈ।

ਜੇ ਤੁਸੀਂ ਮੰਨਦੇ ਹੋ ਕਿ ਸੀ ਵੀ ਬੀ ਆਰ (CVBR/CCDV) ਅਧੀਨ ਸੀ ਐਸ ਸੀ (CSC/SCC), ਪੀ ਬੀ ਸੀ (PBC/CLCC), ਰਾਇਲ ਕੈਨੇਡੀਅਨ ਮਾਊਂਟਡ ਪੁਲੀਸ (RCMP),ਕੈਨੇਡੀਅਨ ਬਾਰਡਰ ਸਰਵਸਿਜ਼ ਏਜੰਸੀ [Canada Border Services Agency (CBSA)/Agence des services frontaliers du Canada (ASFC)], ਪਬਲਿਕ ਸੇਫ਼ਟੀ ਕੈਨੇਡਾ [Public Safety Canada (PS)/Sécurité publique Canada (SP)], ਜਾਂ ਡਿਪਾਰਟਮੈਂਟ ਆਫ਼ ਜਸਟਿਸ, ਕੈਨੇਡਾ (JUS) ਵੱਲੋਂ ਤੁਹਾਡੇ ਅਧਿਕਾਰਾਂ ਦਾ ਧਿਆਨ ਨਹੀਂ ਰੱਖਿਆ ਗਿਆ ਜਾਂ ਜੇ ਫ਼ੈਡਰਲ ਪਰਾਸੀਕਿਊਟਰ ਜਾਂ ਪਬਲਿਕ ਪਰਾਸੀਕਿਊਸ਼ਨ ਸਰਵਸਿਜ਼ ਆਫ਼ ਕੈਨੇਡਾ [Public Prosecution Service of Canada (PPSC)/ Service des poursuites pénales du Canada (SPPC)] ਦੀਆਂ ਸੇਵਾਵਾਂ, ਵਿਧੀਆਂ, ਅਮਲਾਂ ਜਾਂ ਪਾਲਸੀਆਂ ਬਾਰੇ ਸ਼ਕਾਇਤ ਹੋਵੇ ਉਸ ਸੂਰਤ ਵਿੱਚ ਤੁਹਾਡੇ ਕੋਲ ਸੰਬੰਧਤ ਵਿਭਾਗ ਕੋਲ ਸ਼ਕਾਇਤ

ਕਰਨ ਦਾ ਹੱਕ ਹੈ। ਫ਼ੈਡਰਲ ਸਰਕਾਰੀ ਵਿਭਾਗ ਅਤੇ ਏਜੰਸੀਆਂ ਲਈ ਜਨੂੰਨੀ ਤੌਰ ਤੇ ਲਾਜ਼ਮੀ ਹੁੰਦਾ ਹੈ ਕਿ ਉਹ ਤਹਾਡੀ ਸ਼ਕਾਇਤ ਦੀ ਨਜ਼ਰਸਾਨੀ ਕਰਨ, ਅਤੇ ਸਥਿਤੀ ਨੂੰ ਕਿਵੇਂ ਸੁਧਾਰਨਾ ਹੈ ਬਾਰੇ ਸਿਫ਼ਾਰਸ਼ਾਂ ਕਰਨ, ਜੇ ਸੰਭਵ ਹੋਵੇ, ਆਪਣੇ ਰਿਵਿਊ ਦੇ ਨਤੀਜਿਆਂ ਅਤੇ ਕੀਤੀਆਂ ਗੱਈਆਂ ਸਿਫ਼ਾਰਸ਼ਾਂ ਬਾਰੇ ਤੁਹਾਨੂੰ ਸੂਚਿਤ ਕਰਨ।

ਜੇ ਤੁਸੀਂ ਸੀ ਵੀ ਬੀ ਆਰ (CVBR/CCDV) ਅਧੀਨ ਸੀ ਐਸ ਸੀ (CSC/SCC), ਪੀ ਬੀ ਸੀ (PBC), ਰਾਇਲ ਕੈਨੇਡੀਅਨ ਮਾਊਂਟਡ ਪੁਲੀਸ [Royal Canadian Mounted Police (RCMP)/ Gendarmerie royale du Canada (GRC)], ਪਬਲਿਕ ਸੇਫ਼ਟੀ ਕੈਨੇਡਾ (PS/SP), ਡਿਪਾਰਟਮੈਂਟ ਆਫ਼ ਜਸਟਿਸ, (JUS) ਜਾਂ ਫ਼ੈਡਰਲ ਪਰਾਸੀਕਿਊਟਰ ਜਾਂ ਪਬਲਿਕ ਪਰਾਸੀਕਿਊਸ਼ਨ ਸਰਵਸਿਜ਼ ਆਫ਼ ਕੈਨੇਡਾ (PPSC/SPPC) ਨੂੰ ਸ਼ਕਾਇਤ ਕਰਨੀ ਚਾਹੁੰਦੇ ਹੋ ਤਾਂ ਸੰਪਰਕ ਕਰਨ ਅਤੇ ਪਰਕਿਰਿਆ ਬਾਰੇ ਜਾਣਕਾਰੀ ਵਾਸਤੇ ਵੈੱਬਸਾਈਟ **justice.gc.ca/eng/cj-jp/victims-victimes/rights-droits/complaint-plainte.html** 'ਤੇ ਜਾਉ। ਜੇ ਤੁਸੀਂ ਸੀ ਵੀ ਬੀ ਆਰ (CVBR/CCDV) ਅਧੀਨ ਕੈਨੇਡੀਅਨ ਬਾਰਡਰ ਸਰਵਸਿਜ਼ ਏਜੰਸੀ (CBSA/ASFC) ਕੋਲ ਸ਼ਕਾਇਤ ਕਰਨੀ ਹੈ ਤਾਂ ਉਨ੍ਹਾਂ ਦੇ ਪੂਰਕ, ਟਿੱਪਣੀਆਂ ਅਤੇ ਸ਼ਕਾਇਤਾਂ ਦੇ ਵੈੱਬਪੇਜ **cbsa-asfc.gc.ca/contact/com-eng.html** 'ਤੇ ਜਾਉ।